Roll No. ...................... Total Pages : 7

# 306

**BAQ/A–20**

PUNJABI

(COMPULSORY)

Time : Three Hours] [Maximum Marks : 80

**ਨੋਟ** : ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।

1. ਹੇਠ ਲਿਖੇ ਕਵੀਆਂ ਵਿਚੋਂ ਕਿਸੇ *ਇਕ* ਦੇ ਜੀਵਨ ਤੇ ਰਚਨਾ ਉਪਰ ਚਰਚਾ ਕਰੋ :

   (ੳ) ਗੁਰੂ ਅੰਗਦ ਦੇਵ

   (ਅ) ਭਾਈ ਗੁਰਦਾਸ

   (ੲ) ਗੁਰੂ ਅਰਜਨ ਦੇਵ। 5

2. ਹੇਠ ਲਿਖੇ ਪੈਰ੍ਹਿਆਂ ਵਿਚੋਂ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕ ਰਥਵਾਹੁ॥

ਜੁਗੁ ਜੁਗੁ ਫੇਰਿਵਟਾਈਅਹਿ ਗਿਆਨੀ ਬੁਝਹਿ ਤਾਹਿ॥

(ਅ) ਫਰੀਦਾ ਅਖੀ ਦੇਖਿ ਪਤੀਣੀਆ ਸੁਣਿ ਸੁਣਿ ਰੀਣੇ ਕੰਨ॥

ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥

(ੲ) ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥

ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ॥

(ਸ) ਹੋਵੀ ਮਿਰਜੇ ਤੇ ਕੁਦ ਪਈ, ਰਲੀ ਮਿਆਲਾਂ ਦੇ ਨਾਲ।

ਛੁਟੀ ਕਾਨੀ ਗ਼ਜ਼ਬ ਦੀ, ਲੈ ਗਈ ਮਿਰਜੇ ਨੂੰ ਨਾਲ।

ਰੂਹ ਮਿਰਜ਼ੇ ਦੀ ਨਿਕਲ ਗਈ, ਲੱਗੀ ਜੰਡੋਰੇ ਨਾਲ।

10+10=20

3. ਹੇਠ ਲਿਖੇ ਵਾਰਤਕਕਾਰਾਂ ਵਿਚੋਂ ਕਿਸੇ *ਇਕ* ਦੇ ਜੀਵਨ ਤੇ ਰਚਨਾ ਉਪਰ ਚਰਚਾ ਕਰੋ :

(ੳ) ਸਰਧਾ ਰਾਮ ਫਲੌਰੀ

(ਅ) ਲਾਲ ਸਿੰਘ ਕਮਲਾ ਅਕਾਲੀ

(ੲ) ਗੁਰਬਖ਼ਸ਼ ਸਿੰਘ ਪ੍ਰੀਤਲੜੀ। 5

4. ਹੇਠ ਲਿਖੇ ਲੇਖਾਂ ਵਿਚੋਂ ਕਿਸੇ *ਇਕ* ਦਾ ਸਾਹਿਤਕ ਮੁਲਾਂਕਣ ਪ੍ਰਸਤੁਤ ਕਰੋ :

(ੳ) ਪੰਜਾਬੀ ਬਾਤਚੀਤ

(ਅ) ਮੇਰਾ ਨਿਸਫਲ ਪਿਆਰ

(ੲ) ਘਰ ਵਿਚ ਹੀ ਗੁਰਿਆਈ। 20

5. ਨਗਰਪਾਲਿਕਾ ਦੇ ਪ੍ਰਧਾਨ ਨੂੰ ਸ਼ਹਿਰ ਵਿਚ ਗੰਦਗੀ ਦੇ ਢੇਰ ਨੂੰ ਚੁਕਾਉਣ ਲਈ ਬੇਨਤੀ ਕਰੋ।

*ਜਾਂ*

ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਨੂੰ ਇਕ ਪੱਤਰ ਰਾਹੀਂ ਲਾਊਡ-ਸਪੀਕਰਾਂ ਦੀ ਚੋਣਾਂ ਵਿਚ ਹੋ ਰਹੀ ਦੁਰਵਰਤੋਂ ਬਾਰੇ ਜਾਣੂ ਕਰਵਾਓ। 10

6. ਚਾਤ੍ਰਿਕ ਨੇ ਕਾਵਿ ਰਚਨਾ ਪਰੰਪਰਾਗਤ ਕਵਿਤਾ ਨਾਲ ਆਰੰਭ ਕੀਤੀ। ਪਹਿਲਾਂ ਪਹਿਲ ਉਨ੍ਹਾਂ ਨੇ 'ਭਰਥਰੀਹਰੀ' ਅਤੇ 'ਨਲ ਦਮਯੰਤੀ' ਕਿੱਸੇ ਲਿਖੇ। ਭਾਈ ਵੀਰ ਦੇ ਪ੍ਰਭਾਵ ਕਾਰਣ ਚਾਤ੍ਰਿਕ ਆਧੁਨਿਕ ਕਵਿਤਾ ਵੱਲ ਮੁੜਿਆ। ਉਸ ਨੂੰ ਪੰਜਾਬ ਦਾ ਕੌਮੀ ਕਵੀ ਕਰ ਕੇ ਜਾਣਿਆ ਜਾਂਦਾ ਹੈ। ਉਸ ਦੇ ਛੰਦ ਸ਼ਾਸਤਰੀ ਪਕਿਆਈ ਤੇ ਸ਼ੁੱਧਤਾ ਦੇ ਧਾਰਨੀ ਹਨ। ਉਹ ਗ਼ਜ਼ਲ ਤੇ ਗੀਤ ਲਿਖਣ ਦਾ ਉਸਤਾਦ ਕਵੀ ਹੈ। ਭਗਤੀ ਕਾਵਿ ਦਾ ਸਰਗੁਣਵਾਦੀ ਅੰਸ਼ ਵੀ ਉਸ ਵਿਚ ਮੌਜੂਦ ਹੈ। ਚਾਤ੍ਰਿਕ ਦੀ ਕਵਿਤਾ ਦੇ ਛੇ ਪ੍ਰਤੀਨਿਧ ਪੱਖ ਹਨ। ਉਸ ਨੇ ਆਪਣੀ ਕਵਿਤਾ ਵਿਚ ਪੰਜਾਬੀ ਜੀਵਨ ਦਾ ਪ੍ਰਗਟਾ, ਕੁਦਰਤ ਦਾ

ਵਰਣਨ, ਕੌਮੀ ਤੇ ਸਰਬ ਸਾਂਝੇ ਭਾਵ, ਦੇਸ਼ ਪਿਆਰ, ਧਾਰਮਿਕ ਤੇ ਸਦਾਚਾਰਕ ਸਿਖਿਆ ਆਦਿ ਪੱਖਾਂ ਨੂੰ ਸ਼ਾਮਿਲ ਕੀਤਾ।

ਪ੍ਰਸ਼ਨ :

(ੳ) ਧਨੀ ਰਾਮ ਚਾਤ੍ਰਿਕ ਨੇ ਕਿਹੜੇ ਕਿੱਸੇ ਲਿਖੇ?

(ਅ) ਕਿਸ ਆਧੁਨਿਕ ਕਵੀ ਦੇ ਪ੍ਰਭਾਵ ਕਾਰਨ ਚਾਤ੍ਰਿਕ ਆਧੁਨਿਕ ਕਵਿਤਾ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ?

(ੲ) ਭਗਤੀ ਕਾਵਿ ਦਾ ਕਿਹੜਾ ਅੰਸ਼ ਚਾਤ੍ਰਿਕ ਕਵਿਤਾ ਵਿਚ ਮੌਜੂਦ ਹੈ?

(ਸ) ਚਾਤ੍ਰਿਕ ਨੂੰ ਪੰਜਾਬ ਦੇ ਕਿਹੜੇ ਕਵੀ ਕਰਕੇ ਜਾਣਿਆ ਜਾਂਦਾ ਹੈ?

(ਹ) ਚਾਤ੍ਰਿਕ ਕਵਿਤਾ ਦੇ ਛੇ ਪ੍ਰਤੀਨਿਧ ਪੱਖਾਂ ਬਾਰੇ ਜਾਣਕਾਰੀ ਦਿਓ। 5

7. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ :

ਆਜ਼ਾਦੀ ਤੋਂ ਬਾਅਦ ਛੂਆ-ਛਾਤ ਵਿਰੁੱਧ ਬਹੁਤ ਸਾਰੇ ਕਾਨੂੰਨ ਬਣਾਏ ਗਏ। ਇਨ੍ਹਾਂ ਕਰਕੇ ਇਸ ਵਿਵਸਥਾ ਵਿਚ ਬਦਲਾਓ ਵੀ ਆਇਆ। ਪਰੰਤੂ ਅੱਜ ਵੀ ਉੱਚੇ ਵਰਣਾਂ ਤੇ ਜਾਤਾਂ ਨਾਲ ਸਬੰਧ ਰੱਖਣ ਵਾਲੇ ਬਹੁਤ ਸਾਰੇ ਲੋਕ ਜਾਤੀ ਹਉਮੈਂ ਦਾ ਸ਼ਿਕਾਰ ਹਨ। ਉਹ ਦੂਸਰੇ ਵਰਣਾਂ ਤੇ ਜਾਤਾਂ ਨਾਲ ਸਬੰਧਤ ਲੋਕਾਂ ਨੂੰ ਘਿਰਣਾ ਨਾਲ ਵੇਖਦੇ ਹਨ। ਉਹ ਇਸ ਨਫਰਤ ਨੂੰ ਇਕ ਖਾਸ ਤਰ੍ਹਾਂ ਦੀ ਅਧਿਆਤਮਕਤਾ ਦੇ ਪਰਦੇ ਹੇਠ ਛੁਪਾ ਲੈਂਦੇ ਹਨ ਅਤੇ ਇਹ ਕਹਿਣ ਦੀ ਕੋਸ਼ਿਸ ਕਰਦੇ ਹਨ ਕਿ ਦੇਸ਼ ਵਿਚ ਹਰ ਕੰਮ ਉਨ੍ਹਾਂ ਲੋਕਾਂ ਦੁਆਰਾ ਕੀਤਾ ਜਾਣਾ ਚਾਹੀਦਾ ਹੈ ਜਿਹੜੇ 'ਲਾਇਕ' ਅਤੇ 'ਯੋਗ' ਹਨ। ਲਿਆਕਤ, ਕਾਬਲੀਅਤ ਅਤੇ ਯੋਗਤਾ ਦਾ ਇਹ 'ਅਧਿਆਤਮ' ਦੇਸ਼ ਦੇ ਪਛੜੇ ਵਰਗ ਦੇ ਲੋਕਾਂ ਨੂੰ ਮੁੱਖ ਧਾਰਾ ਤੋਂ ਪਰ੍ਹੇ ਰੱਖਣਾ ਲੋਚਦਾ ਹੈ। 5

8. ਹੇਠ ਲਿਖੇ ਪੈਰ੍ਹੇ ਨੂੰ ਵਿਆਕਰਣਿਕ ਨੇਮਾਂ ਅਨੁਸਾਰ (ਵਚਨ, ਨਾਂਵ, ਪੜਨਾਂਵ ਅਤੇ ਵਿਸਰਾਮ ਚਿੰਨ੍ਹ) ਠੀਕ ਕਰਕੇ ਲਿਖੋ :

ਜੈਸਲਮੇਰ ਇਕ ਸਰਹੱਦੀ ਇਲਾਕਾ ਹੈ ਲੌਂਗੇਵਾਲਾ ਪੋਸਟ ਇੱਥੋਂ ਕੋਈ ਬਹੁਤੀ ਦੂਰ ਨਹੀਂ ਕਹਿੰਦੇ ਹਨ ਕਿ 1971 ਦੀ ਭਾਰਤ–ਪਾਕਿਸਤਾਨ ਜੰਗ ਵਿਚ ਪਾਕਿਸਤਾਨ ਨੇ ਇੱਥੇ ਮੂੰਹ ਦੀ ਖਾਧੀ ਇਸ ਬਾਰੇ ਹਿੰਦੀ ਫਿਲਮ 'ਬਾਰਡਰ' ਵੀ ਬਣੀ ਹੈ ਪਾਕਿਸਤਾਨ ਦੇ ਤਬਾਹ ਕੀਤੇ ਤੇ ਫੜੇ ਗਏ ਟੈਂਕ ਟਰੱਕ ਤੇ ਹੋਰ ਨਿੱਕ–ਸੁੱਕ ਇੱਥੇ ਲੋਕਾਂ ਨੂੰ ਦਿਖਾਉਣ ਲਈ ਖੜ੍ਹਾ ਕੀਤਾ ਹੋਇਆ ਹੈ ਆਪਣੀ ਬਹਾਦਰੀ ਦਾ ਪ੍ਰਦਰਸ਼ਨ ਕਰਨ ਲਈ 10

---